# ਗੁਰੂ ਨਾਨਕ: ਸ਼ਬਦ, ਸਿੱਖ, ਸਿੱਖਿਆ ਅਤੇ ਸਿੱਖ ਸਮਾਜ

**ਅਮਰਜੀਤ ਸਿੰਘ ਗਰੇਵਾਲ**

6-ਬੀ ਸੁਗੰਧ ਵਿਹਾਰ, ਪੱਖੋਵਾਲ ਰੋਡ, ਲੁਧਿਆਣਾ
✆ 98761-38523

ਸਿੱਖ ਸਮਾਜ (ਲਰਨਿੰਗ ਸੁਸਾਇਟੀ) ਦੇ ਨਿਰਮਾਣ ਦਾ ਕੰਮ ਗੁਰੂ ਸਾਹਿਬ ਨੇ ਤਾਂ ਸੋਲਵੀਂ ਸਦੀ ਵਿਚ ਹੀ ਆਰੰਭ ਕਰ ਦਿਤਾ ਸੀ। ਪਰ ਪੱਛਮ ਨੇ ਸਾਢੇ ਚਾਰ ਸੌ ਸਾਲ ਬਾਅਦ, 1989 ਵਿਚ ਜਾ ਕੇ ਇਸਦਾ ਪਹਿਲੀ ਵਾਰ ਸੁਪਨਾ ਲਿਆ। ਇਹ ਵੱਖਰੀ ਗੱਲ ਹੈ ਕਿ ਅਸੀਂ ਵੀ ਗੁਰੂ ਕਾਲ ਤੋਂ ਬਾਅਦ ਇਸ ਨੂੰ ਜਾਰੀ ਨਾ ਰੱਖ ਸਕੇ। ਸਾਡੇ ਚੇਤਿਆਂ ਵਿਚੋਂ ਵਿਸਰਦਾ ਚਲਿਆ ਗਿਆ।

ਅਮਰੀਕਾ ਦੀ ਨਿਊ ਯੌਰਕ ਯੂਨੀਵਰਸਟੀ ਦੇ ਪ੍ਰੋਫੈਸਰ ਪਾਲ ਰੋਮਰ ਨੇ, ਆਪਣੇ 1989 ਵਿਚ ਛਪੇ ਖੋਜ ਪੱਤਰ, 'ਐਂਡੋਜੀਨਸ ਟੈਕਨਾਲੋਜੀਕਲ ਚੇਂਜ' ਰਾਹੀਂ, ਸਾਨੂੰ ਇਹ ਸਮਝਾਇਆ ਕਿ ਗਿਆਨ ਅਤੇ ਤਕਨਾਲੋਜੀ, ਦੁਨੀਆਂ/ਕੌਮਾਂ ਦੇ ਸਮਾਜ-ਆਰਥਕ ਵਿਕਾਸ ਵਿਚ ਮੋਹਰੀ ਰੋਲ ਨਿਭਾਉਂਦੇ ਹਨ, ਉਹ ਵੀ ਬਾਹਰ ਰਹਿ ਕੇ ਨਹੀਂ, ਸਗੋਂ ਅੰਦਰੂਨੀ ਕਾਰਕ ਬਣਕੇ। ਇਸ ਤੋਂ ਪਹਿਲਾਂ ਕੇਵਲ ਕਿਰਤ ਅਤੇ ਪੂੰਜੀ ਹੀ ਵਿਕਾਸ ਦੇ ਕਾਰਕ ਮੰਨੇ ਜਾਂਦੇ ਸਨ। ਪਰ ਪਾਲ ਰੋਮਰ ਨੇ ਗਿਆਨ ਅਤੇ ਤਕਨਾਲੋਜੀ ਨੂੰ ਕੇਂਦਰ ਵਿਚ ਲਿਆ ਕੇ, ਦੁਨੀਆਂ ਦੇ ਸਰਬ ਪੱਖੀ ਵਿਕਾਸ ਦਾ ਮੂਲ ਆਧਾਰ ਮੰਨ ਲਿਆ। ਇਕੀਵੀਂ ਸਦੀ ਦੇ ਗਿਆਨ ਅਧਾਰਿਤ ਵਿਕਾਸ ਨੇ ਇਸ ਉਪਰ ਤੁਰੰਤ ਮੋਹਰ ਵੀ ਲਗਾ ਦਿੱਤੀ। ਜੀ-7 ਦੇ ਨਾਮ ਨਾਲ ਜਾਣੇ ਜਾਂਦੇ ਦੁਨੀਆਂ ਦੇ ਅਮੀਰ ਮੁਲਕਾਂ ਦੀ 70 ਪ੍ਰਤੀਸ਼ਤ ਕਮਾਈ ਇਨ੍ਹਾਂ ਗਿਆਨ ਵਸਤੂਆਂ ਅਤੇ ਗਿਆਨ ਸੇਵਾਵਾਂ ਤੋਂ ਆਉਂਦੀ ਹੈ। ਪਾਲ ਰੋਮਰ ਨੂੰ ਉਸਦੇ ਇਸ ਕੰਮ ਲਈ 2018 ਵਿਚ ਨੋਬਲ ਇਨਾਮ ਨਾਲ ਸਨਮਾਨਿਆ ਗਿਆ।

ਕੁਝ ਸਾਲਾਂ ਬਾਅਦ 1993 ਵਿਚ ਪੀਟਰ ਡਰੱਕਰ ਦੀ ਪੁਸਤਕ 'ਪੋਸਟ ਕੈਪੀਟਲਿਸਟ ਸੁਸਾਇਟੀ' ਨੇ ਇਹ ਕਹਿਕੇ ਤਹਿਲਕਾ ਮਚਾ ਦਿੱਤਾ ਕਿ ਵਰਤਮਾਨ ਸਮਿਆਂ ਵਿਚ ਗਿਆਨ ਅਤੇ ਤਕਨਾਲੋਜੀ ਨੇ ਜ਼ਮੀਨ ਅਤੇ ਪੂੰਜੀ ਨਾਲੋਂ ਵਧੇਰੇ ਮਹੱਤਵ ਗ੍ਰਹਿਣ ਕਰ ਲਿਆ ਹੈ। ਪਰੋਲੇਤਾਰੀ ਜਮਾਤ ਨਹੀਂ, ਸਗੋਂ ਗਿਆਨ ਅਤੇ ਤਕਨਾਲੋਜੀ ਦਾ ਇਸਤੇਮਾਲ ਕਰਨ ਵਾਲੇ ਸਾਂਝੇ ਨੈਟਵਰਕ ਵਿਚ ਬੱਝੇ ਖੋਜਾਰਥੀਆਂ, ਗਿਆਨੀਆਂ, ਵਿਗਿਆਨੀਆਂ, ਤਕਨੀਕੀ ਮਾਹਿਰਾਂ ਅਤੇ ਨੌਲਿਜ ਵਰਕਰਜ਼ ਦੀ ਭੀੜ ਹੀ ਹੁਣ ਸਮਾਜਕ ਤਬਦੀਲੀ ਦੀ ਏਜੰਸੀ ਹੋਵੇਗੀ। ਨੋਬਲ ਇਨਾਮ ਜੇਤੂ ਜੌਸਿਫ ਸਟਿਗਲਿਟਜ਼ ਨੇ ਆਪਣੀ 2015 ਵਿਚ ਛਪੀ ਪੁਸਤਕ 'ਕਰੀਏਟਿੰਗ ਏ ਲਰਨਿੰਗ ਸੁਸਾਇਟੀ' ਲਿਖ ਕੇ ਇਸ ਕ੍ਰਾਂਤੀਕਾਰੀ ਤਬਦੀਲੀ ਦਾ ਵਿਸਤ੍ਰਿਤ ਰੋਡ ਮੈਪ ਵੀ ਤਿਆਰ ਕਰ ਦਿੱਤਾ ਤਾਂ ਜੋ ਵਿਕਾਸਸ਼ੀਲ ਮੁਲਕ ਵੀ ਇਸਦਾ ਲਾਭ ਉਠਾ ਸਕਣ।

ਭਾਵੇਂ ਸਟਿਗਲਿਟਜ਼ ਨੇ ਲਰਨਿੰਗ ਸੁਸਾਇਟੀ ਦੇ ਮਹੱਤਵ ਅਤੇ ਇਸਦੇ ਨਿਰਮਾਣ ਲਈ ਰਸਤੇ ਵਿਚ ਆਉਣ ਵਾਲੀਆਂ ਸਮਾਜਕ ਅਤੇ ਮਾਨਸਿਕ ਰੁਕਾਵਟਾਂ ਦੀ ਵੀ ਗੱਲ ਕੀਤੀ ਹੈ ਪਰ ਉਸਦਾ ਫੋਕਸ ਆਰਥਕ ਨੀਤੀਆਂ ਦੇ ਫਰੇਮਵਰਕ ਦੀ ਤਿਆਰੀ ਉਪਰ ਟਿਕਿਆ ਰਹਿੰਦਾ ਹੈ। ਇਨ੍ਹਾਂ ਮੋਢੀਆਂ ਤੋਂ ਇਲਾਵਾ, ਇਸ ਖੇਤਰ ਵਿਚ ਕੰਮ ਕਰਨ ਵਾਲੇ ਹੋਰ ਵੀ ਬਹੁਤ ਸਾਰੇ ਵਿਦਵਾਨਾਂ ਦੇ ਕੰਮ ਨੂੰ ਘੋਖਣ ਤੋਂ ਬਾਅਦ ਮੇਰਾ ਇਹ ਯਕੀਨ ਬੱਝਦਾ ਜਾ ਰਿਹਾ ਹੈ ਕਿ ਅਰਥ ਸ਼ਾਸਤਰੀ ਹੋਣ ਕਾਰਨ, ਇਹ ਲੋਕ ਲਰਨਿੰਗ ਸੁਸਾਇਟੀ ਦੇ ਸਮਾਜ ਸਭਿਆਚਾਰਕ ਅਤੇ ਰਾਜਨੀਤਕ ਪੱਖਾਂ ਵੱਲ ਓਨਾ ਧਿਆਨ ਨਹੀਂ ਦੇ ਸਕੇ ਜਿੰਨਾ ਦੇਣਾ ਬਣਦਾ ਸੀ।

ਮੈਂ ਇਹ ਗੱਲ ਪੂਰੀ ਜ਼ਿੰਮੇਵਾਰੀ ਨਾਲ ਆਖ ਰਿਹਾ ਹਾਂ ਕਿ ਗੁਰੂ ਨਾਨਕ ਸਾਹਿਬ ਨੇ ਲਰਨਿੰਗ ਸੁਸਾਇਟੀ (ਸਿੱਖ ਸਮਾਜ) ਦੇ ਨਿਰਮਾਣ ਲਈ ਜਿਹੜੇ ਛੇ ਆਧਾਰ ਜ਼ਰੂਰੀ ਮੰਨੇ ਸਨ, ਉਨ੍ਹਾਂ ਦੀ ਗੈਰਹਾਜ਼ਰੀ ਵਿਚ ਲਰਨਿੰਗ ਸੁਸਾਇਟੀ ਦੇ ਨਿਰਮਾਣ ਨੂੰ ਸਸਟੇਨੇਬਲ ਅਤੇ ਇਨਕਲੂਸਿਵ ਨਹੀਂ ਬਣਾਇਆ ਜਾ ਸਕਦਾ। ਇਸ ਲਈ ਕਿਸੇ ਵੀ ਲਰਨਿੰਗ ਸੁਸਾਇਟੀ ਜਾਂ ਲਰਨਿੰਗ ਸੰਸਥਾ ਦੇ ਨਿਰਮਾਣ ਲਈ ਗੁਰੂ ਨਾਨਕ ਸਾਹਿਬ ਦੇ ਮਾਡਲ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ। ਮੇਰਾ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਵਰਤਮਾਨ ਸਮਿਆਂ ਵਿਚ ਕਿਸੇ ਵੀ ਭਾਈਚਾਰੇ, ਕੌਮ ਜਾਂ ਸੰਸਥਾ ਲਈ, ਆਪਣੀ ਖੁਸ਼ਹਾਲੀ ਅਤੇ ਅਰਥਭਰਪੂਰਤਾ ਵਾਸਤੇ, ਗੁਰੂ ਨਾਨਕ ਦੇ ਛੇ ਨੁਕਾਤੀ ਕਰਤਾਰਪੁਰ ਮਾਡਲ ਦੇ ਆਧਾਰ 'ਤੇ ਲਰਨਿੰਗ ਸੁਸਾਇਟੀ (ਸਿੱਖ ਸਮਾਜ) ਵਿਚ ਰੂਪਾਂਤ੍ਰਿਤ ਹੋਣਾ ਆਵੱਸ਼ਕ ਹੋ ਗਿਆ ਹੈ।

ਕਿਸੇ ਵੀ ਭਾਈਚਾਰੇ, ਕੌਮ ਜਾਂ ਸੰਸਥਾ ਲਈ, ਆਪਣੀ ਖੁਸ਼ਹਾਲੀ ਅਤੇ ਅਰਥਭਰਪੂਰਤਾ ਵਾਸਤੇ, ਸਰਬੱਤ ਦੇ ਭਲੇ ਨੂੰ ਧਿਆਨ ਵਿਚ ਰੱਖਦੇ ਹੋਏ, ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਉਪਰ ਟਿਕੇ ਸੰਵਾਦੀ ਅਤੇ ਸਮਿਲਤ ਸਿੱਖ ਸਮਾਜ (ਲਰਨਿੰਗ ਸੁਸਾਇਟੀ) ਵਿਚ ਰੂਪਾਂਤ੍ਰਿਤ ਹੋਣਾ ਇਕੋ ਇਕ ਵਿਕਲਪ ਰਹਿ ਗਿਆ ਹੈ।

**1. ਕਿਰਤ ਕਮਾਈ:**

ਗੁਰੂ ਸਾਹਿਬ ਨੇ ਕਿਰਤ ਕਮਾਈ ਨੂੰ ਉਤਮ ਮੰਨਦੇ ਹੋਏ ਭੀਖ ਅਤੇ ਚਾਕਰੀ ਨੂੰ ਨਖਿਦ ਆਖਿਆ ਹੈ। ਪਰ ਸਿੱਖ ਬਹੁਗਿਣਤੀ ਵਾਲੇ ਸੂਬੇ ਦੀਆਂ ਸਿੱਖ ਬਹੁਗਿਣਤੀ ਵਾਲੀਆਂ ਸਰਕਾਰਾਂ ਨੇ ਸੂਬੇ ਦੇ ਲੋਕਾਂ ਨੂੰ ਅੰਨਦਾਤਿਆਂ ਤੋਂ ਭਿਖਾਰੀ ਬਣਾ ਦਿੱਤਾ ਹੈ। ਹੁਣ ਸੁਆਲ ਹੈ ਕਿ ਇਨ੍ਹਾਂ ਭਿਖਾਰੀਆਂ ਨੂੰ ਗਿਆਨ ਦੀ ਕਿਰਤ ਕਮਾਈ ਕਰਨ ਵਾਲੇ ਭਾਈਚਾਰੇ ਵਿਚ ਕਿਵੇਂ ਰੂਪਾਂਤ੍ਰਿਤ ਕੀਤਾ ਜਾਵੇ। ਇਕ ਸਮਾਂ ਸੀ ਜਦੋਂ ਊਰਜਾ ਦਾ ਇਸਤੇਮਾਲ ਕਰਨ ਵਾਲੀਆਂ ਮਸ਼ੀਨਾਂ ਨੇ ਹੱਥ ਦੇ ਮਹੱਤਵ ਨੂੰ ਘਟਾ ਕੇ ਦਿਮਾਗੀ ਕਿਰਤ ਦੀ ਚੌਧਰ ਸਥਾਪਿਤ ਕਰ ਦਿੱਤੀ ਸੀ। ਪਰ ਹੁਣ ਜਦੋਂ ਸੂਚਨਾ (ਇਨਫਰਮੇਸ਼ਨ) ਦਾ ਇਸਤੇਮਾਲ ਕਰਨ ਵਾਲੀਆਂ ਮਸ਼ੀਨਾਂ ਦਿਮਾਗ ਦੀ ਚੌਧਰ ਨੂੰ ਵੀ ਚਨੌਤੀ ਦੇ ਰਹੀਆਂ ਹਨ ਤਾਂ ਸੁਆਲ ਪੈਦਾ ਹੁੰਦਾ ਹੈ ਕਿ ਮਨੁੱਖ ਨੂੰ ਜਿਸਮਾਨੀ ਅਤੇ ਦਿਮਾਗੀ ਕੰਮ ਤੋਂ ਕਿਸ ਵਡੇਰੀ ਕਿਰਤ-ਕਮਾਈ ਲਈ ਆਜ਼ਾਦ/ ਵਿਹਲੇ ਕਰਵਾਇਆ ਜਾ ਰਿਹਾ ਹੈ। ਇਹ ਹੈ ਚੇਤਨਾ ਅਤੇ ਅਰਥਾਂ ਦਾ ਉਤਪਾਦਨ ਕਰਨ ਵਾਲੀ ਸੁਰਤ-ਸ਼ਬਦ ਦੀ ਕਿਰਤ ਕਮਾਈ। ਹੋਂਦ ਮਨੁੱਖੀ ਚੇਤਨਾ ਨੂੰ ਅਰਥ ਨਹੀਂ ਦਿੰਦੀ। ਸਗੋਂ ਮਨੁੱਖੀ ਚੇਤਨਾ ਹੋਂਦ ਨੂੰ ਅਰਥ ਦਿੰਦੀ ਹੈ। ਚੇਤਨਾ ਦੇ ਪੈਦਾ ਹੋਣ ਵਿਚ 13.9 ਅਰਬ ਸਾਲ ਲੱਗ ਗਏ। ਲਗਦਾ ਹੈ ਕਿ ਮਨੁੱਖੀ ਚੇਤਨਾ ਨੇ ਵੀ ਹੁਣ ਆਈ ਟੀ, ਰੋਬੋਟਿਕਸ, ਸਪੇਸ ਸਾਇੰਸ ਅਤੇ ਸਿੰਥੈਟਿਕ ਬਾਇਆਲੋਜੀ ਵਰਗੇ ਪ੍ਰੋਗਰਾਮਾਂ ਨੂੰ ਆਹਰੇ ਲਾ ਕੇ ਪੂਰੇ ਬ੍ਰਹਿਮੰਡ ਵਿਚ ਚੇਤਨਾ ਫੈਲਾਉਣ ਲਈ ਹੋਂਦ ਨੂੰ ਨਵੇਂ ਅਰਥ ਦੇਣ ਦੀ ਕਿਰਤ-ਕਮਾਈ ਦਾ ਅਰਬਾਂ ਸਾਲਾਂ ਤੱਕ ਫੈਲਿਆ ਕੰਮ ਆਰੰਭ ਦਿਤਾ ਹੈ।

**2. ਨਾਮ ਜਪਣਾ:**

ਭਾਵੇਂ ਗੁਰੂ ਸਾਹਿਬ ਨੇ ਤਾਂ ਅੱਜ ਤੋਂ 500 ਸਾਲ ਪਹਿਲਾਂ ਹੀ ਨਾਮ ਜਪਣ (ਨਾਮ ਦੀ ਖੋਜ) ਦਾ ਸੰਦੇਸ਼ ਦੇ ਦਿਤਾ ਸੀ। ਪਰ ਉਪਰੋਕਤ ਪ੍ਰੋਗਰਾਮ ਜਿਨ੍ਹਾਂ ਵੱਲ ਮਾਨਵਤਾ ਤੇਜ਼ੀ ਨਾਲ ਖਿੱਚੀ ਜਾ ਰਹੀ ਹੈ, ਉਹ ਨਾਮ ਦੀ ਖੋਜ ਲਈ ਸ਼ਬਦ ਦੀ ਕਿਰਤ ਕਮਾਈ ਉਪਰ ਟਿਕੇ ਹੋਏ ਹਨ। ਮੈਕਸ ਟੈਗਮਾਰਕ ਨੇ ਆਪਣੀ ਪੁਸਤਕ 'ਆਵਰ ਥੇਮੈਟੀਕਲ ਯੂਨੀਵਰਸ (2014)' ਵਿਚ ਸਤਿ (ਹੋਂਦ) ਦੀ ਅੰਤਮ ਸੱਚਾਈ ਨੂੰ ਗਣਿਤ ਸ਼ਾਸਤਰੀ ਕੁਦਰਤੀ ਨਿਯਮਾਂ ਦੇ ਰੂਪ ਵਿਚ ਸਮਝੇ ਜਾਣ ਦੀ ਵਕਾਲਤ ਕੀਤੀ ਹੈ। ਮਿਚੂ ਕਾਕੂ ਨੇ ਆਪਣੀ ਪੁਸਤਕ 'ਦ ਗੌਡ ਈਕੁਏਸ਼ਨ (2021)' ਵਿਚ ਇਨ੍ਹਾਂ ਗਣਿਤਸ਼ਾਸਤਰੀ ਨਿਯਮਾਂ ਨੂੰ ਰੱਬੀ ਸਮੀਕਰਣ ਦਾ ਨਾਮ ਦਿਤਾ ਹੈ। ਜਦੋਂ ਇਹ ਮੰਨ ਲਿਆ ਗਿਆ ਕਿ ਇਹ ਗਣਿਤਸ਼ਾਸਤਰੀ ਨਿਯਮ ਜਾਂ ਸਮੀਕਰਣ, ਕੇਵਲ ਹੋਂਦ (ਯੂਨੀਵਰਸ ਜਾਂ ਮਲਟੀਵਰਸ) ਨੂੰ ਸਮਝਣ ਵਿਚ ਹੀ ਸਹਾਈ ਨਹੀਂ ਹੁੰਦੇ, ਉਸਦਾ ਨਿਰਮਾਣ ਅਤੇ ਚਲਨ ਵੀ ਕਰਦੇ ਹਨ, ਤਾਂ ਇਹ ਜਾਣ ਲੈਣਾ ਚਾਹੀਦਾ ਹੈ ਕਿ ਇਹ ਨਿਯਮ ਅਤੇ ਸਮੀਕਰਣ ਹੀ, ਉਹ ਜੋ ਹੈ, ਉਸਦਾ 'ਨਾਮ' ਹਨ। ਅਤੇ ਸੁਰਤ-ਸ਼ਬਦ ਉਹ ਮਾਧਿਅਮ ਹਨ ਜਿਸ ਰਾਹੀਂ ਨਾਮ ਦੀ ਖੋਜ ਹੁੰਦੀ ਹੈ। ਜਦੋਂ ਅਸੀਂ ਇਹ ਆਖਦੇ ਹਾਂ ਕਿ ਸਭ ਕੁਝ ਉਸਦੇ ਹੁਕਮ/ ਨਾਮ ਵਿਚ ਬੱਝਾ ਹੋਇਆ ਹੈ, ਤਾਂ ਸਮਝ ਪੈਂਦੀ ਹੈ ਕਿ ਨਾਮ ਹੀ ਹੁਕਮ ਹੈ ਅਤੇ ਇਸ ਨੂੰ ਕੇਵਲ ਸ਼ਬਦ ਦੀ ਕਮਾਈ ਰਾਹੀਂ ਹੀ ਲੱਭ ਸਕੀਦਾ ਹੈ: "ਗੁਰ ਕਿਰਪਾ ਤੇ ਹੁਕਮੁ ਪਛਾਣੈ। ਜੁਗਹੁ ਜੁਗੰਤਰ ਕੀ ਬਿਧਿ ਜਾਣੈ।"

**3. ਵੰਡ ਛਕਣਾ:**

ਲੰਗਰ ਕੇਵਲ ਵਰਤਾਇਆ ਹੀ ਨਹੀਂ ਜਾਂਦਾ, ਸਾਂਝੇ ਤੌਰ ਤੇ ਤਿਆਰ ਵੀ ਕੀਤਾ ਜਾਂਦਾ ਹੈ। ਉਤਪਾਦਨ ਅਤੇ ਖਪਤ ਦੀ ਇਹ ਸਹਿਯੋਗੀ ਸੰਸਥਾ ਕੇਵਲ ਭੋਜਨ ਨਾਲ ਹੀ ਨਹੀਂ, ਗਿਆਨ ਨਾਲ ਵੀ ਬਰਾਬਰ ਜੁੜੀ ਹੋਈ ਹੈ। ਸਿੱਖ ਪ੍ਰੰਪਰਾ ਵਿਚ ਲੰਗਰ ਦੇ ਦੋ ਰੂਪ ਹਨ, ਪੰਗਤ ਅਤੇ ਸੰਗਤ। ਪੰਗਤ ਦਾ ਸਬੰਧ ਭੋਜਨ ਦੇ ਲੰਗਰ ਨਾਲ ਹੈ ਅਤੇ ਸੰਗਤ ਦਾ ਗਿਆਨ ਦੇ ਲੰਗਰ ਨਾਲ। ਗੁਰੂ ਗ੍ਰੰਥ ਸਾਹਿਬ ਵਿਚ ਸੱਤੇ ਬਲਵੰਡ ਦੇ ਰੈਫਰੈਂਸ ਨਾਲ ਜ਼ਿਕਰ ਆਉਂਦਾ ਹੈ ਕਿ ਗੁਰੂ ਘਰ ਵਿਚ ਭੋਜਨ ਦੇ ਨਾਲ ਨਾਲ ਸ਼ਬਦ (ਗਿਆਨ/ਸਿਖਿਆ) ਦਾ ਲੰਗਰ ਵੀ ਅਤੁਟ ਵਰਤਦਾ ਹੈ। ਉਤਪਾਦਨ ਅਤੇ ਖਪਤ ਦੇ ਹਰ ਖੇਤਰ ਵਿਚ, ਆਪਣੀ ਵਿਤ ਅਨੁਸਾਰ, ਹਰ ਕਿਸੇ ਦੀ ਬਰਾਬਰ ਸ਼ਮੂਲੀਅਤ, ਲੰਗਰ ਦੀ ਪ੍ਰੰਪਰਾ ਨੂੰ ਸਮਾਜਕ ਨਿਆਂ ਦੀ ਸਰਬੋਤਮ ਸੰਸਥਾ ਬਣਾ ਦਿੰਦੀ ਹੈ।

ਭਾਵੇਂ ਬਹੁਤ ਵਾਰੀ ਲੰਗਰ ਨੂੰ ਭੋਜਨ ਦੇ ਲੰਗਰ ਤੱਕ ਸੀਮਤ ਕਰਕੇ ਦੇਖਿਆ ਜਾਂਦਾ ਹੈ, ਪਰ ਗੁਰੂ ਕਾਲ ਵਿਚ ਸ਼ਬਦ/ਗਿਆਨ/ਵਿਦਿਆ ਦੇ ਲੰਗਰ ਦਾ ਜੇ ਵਧੇਰੇ ਨਹੀਂ ਤਾਂ ਬਰਾਬਰ ਦਾ ਮਹੱਤਵ ਜ਼ਰੂਰ ਸੀ। ਵਰਤਮਾਨ ਸਮਿਆਂ ਵਿਚ ਸ਼ਬਦ/ਗਿਆਨ/ਵਿਦਿਆ ਦੇ ਲੰਗਰ ਦਾ ਮਹੱਤਵ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਵਿਕੀਪੀਡੀਆ


**www.sanvad.org**
ISSN : 2395-1273

ਇਸਦੀ ਖੂਬਸੂਰਤ ਉਦਾਹਰਣ ਹੈ। ਇਸ ਲਈ ਜਦੋਂ, ਕੁਝ ਖਾਸ ਪ੍ਰਸਥਿਤੀਆਂ ਵਿਚ, ਕਿਰਤ ਕਰਨ ਅਤੇ ਨਾਮ ਜਪਣ ਦੇ ਸਿਧਾਂਤ ਵੰਡ ਛਕਣ ਦੇ ਸਿਧਾਂਤ ਵਿਚ ਆ ਮਿਲਦੇ ਹਨ, ਤਾਂ ਉਦੋਂ ਹੀ ਸਿੱਖ ਸਮਾਜ (ਲਰਨਿੰਗ ਸੁਸਾਇਟੀ) ਦੇ ਨਿਰਮਾਣ ਦਾ ਮੁੱਢ ਬੱਝਣਾ ਸ਼ੁਰੂ ਹੁੰਦਾ ਹੈ।

**4. ਸਰਬੱਤ ਦਾ ਭਲਾ:**

ਕੋਈ ਵੀ ਕੌਮ ਜਾਂ ਭਾਈਚਾਰਾ ਹੁਣ ਸਥਾਨਕ ਨਹੀਂ ਰਹਿ ਗਿਆ। ਹਰ ਭਾਈਚਾਰਾ ਪਾਰ-ਰਾਸ਼ਟਰੀ ਭਾਈਚਾਰਾ ਬਣ ਗਿਆ ਹੈ। ਇਸੇ ਤਰ੍ਹਾਂ ਹਰ ਰਾਸ਼ਟਰ ਹੁਣ ਬਹੁਕੌਮੀ ਰਾਸ਼ਟਰ ਵਿਚ ਰੂਪਾਂਤ੍ਰਿਤ ਹੋ ਰਿਹਾ ਹੈ। ਉਦਾਹਰਣ ਦੇ ਤੌਰ ’ਤੇ ਸਿੱਖ ਭਾਈਚਾਰੇ ਨੂੰ ਭਾਰਤੀ ਪੰਜਾਬ ਤੱਕ ਸੀਮਤ ਕਰਕੇ ਨਹੀਂ ਦੇਖਿਆ ਜਾ ਸਕਦਾ। ਨਾ ਹੀ ਭਾਰਤੀ ਪੰਜਾਬ ਵਿਚ ਇਕੱਲੇ ਸਿੱਖ ਵਸਦੇ ਹਨ। ਇਸ ਲਈ ਹਰ ਰਾਸ਼ਟਰ ਅਤੇ ਕੌਮ ਵਾਸਤੇ, ਆਪਣੇ ਨਿਜੀ ਹਿੱਤਾਂ ਤੋਂ ਪਾਰ ਜਾ ਕੇ, ਸਰਬੱਤ ਦੇ ਭਲੇ ਲਈ ਸੋਚਣਾ ਜ਼ਰੂਰੀ ਹੋ ਗਿਆ ਹੈ। ਨਿਜਤਾ ਦਾ ਜ਼ਮਾਨਾ ਬੀਤ ਰਿਹਾ ਹੈ। ਸਰਬੱਤ ਦੀ ਭਲਾਈ ਵਿਚ ਹੀ ਨਿਜ ਦੀ ਭਲਾਈ ਹੈ। ਕਿਸੇ ਵੀ ਵਿਕਾਸ ਜਾਂ ਭਲਾਈ ਦੇ ਪ੍ਰੋਗਰਾਮ ਨੂੰ ਹੁਣ ਵਿਸ਼ਵੀਕਰਣ ਦੇ ਪਰਿਪੇਖ ਤੋਂ ਬਾਹਰ ਰੱਖ ਕੇ ਨਹੀਂ ਦੇਖਿਆ ਜਾ ਸਕਦਾ। ਸਿੱਖ ਸਮਾਜ (ਲਰਨਿੰਗ ਸੁਸਾਇਟੀ) ਦੇ ਨਿਰਮਾਣ ਨੂੰ ਤਾਂ ਬਿਲਕੁਲ ਹੀ ਨਹੀਂ।

ਆਪਾਂ ਗੱਲ ਕੀਤੀ ਸੀ ਕਿ ਸਿੱਖ ਸਮਾਜ (ਲਰਨਿੰਗ ਸੁਸਾਇਟੀ) ਦੇ ਨਿਰਮਾਣ ਲਈ ਕਿਰਤ ਕਰਨ, ਨਾਮ ਜਪਣ, ਵੰਡ ਛਕਣ ਅਤੇ ਸਰਬੱਤ ਦੇ ਭਲੇ ਦੇ ਸਿਧਾਂਤ ਖਾਸ ਪ੍ਰਸਥਿਤੀਆਂ ਵਿਚ ਹੀ ਕੰਮ ਕਰਦੇ ਹਨ। ਇਹ ਖਾਸ ਪ੍ਰਸਥਿਤੀਆਂ ਹਨ: ਸੰਵਾਦ ਅਤੇ ਸੰਮਿਲਨ (ਇਨਕਲੂਯਨ) ਦੀਆਂ ਪ੍ਰੰਪਰਾਵਾਂ।

**5. ਸੰਵਾਦੀ ਪ੍ਰੰਪਰਾ:**

ਗੁਰੂ ਨਾਨਕ ਸਾਹਿਬ ਨੇ ਸਿੱਖ ਸੁਸਾਇਟੀ ਨੂੰ ਮੁਢਲੇ ਤੌਰ ’ਤੇ ਸੰਵਾਦ ਦੀ ਪ੍ਰੰਪਰਾ ਉਪਰ ਟਿਕੀ ਹੋਈ ਓਪਨ ਸੁਸਾਇਟੀ ਦੇ ਰੂਪ ਵਿਚ ਹੀ ਸੰਕਲਪਿਤ ਕੀਤਾ ਹੈ। ਵਿਭਿੰਨ/ਵਿਪਰੀਤ ਵਿਚਾਰ ਪੱਧਤੀਆਂ, ਮਾਨਤਾਵਾਂ, ਧਾਰਮਿਕ ਅਕੀਦਿਆਂ, ਜ਼ੁਬਾਨਾਂ ਅਤੇ ਜੀਵਨ ਸ਼ੈਲੀਆਂ ਆਦਿ ਨਾਲ ਗਿਆਨ ਦੇ ਆਦਾਨ ਪ੍ਰਦਾਨ ਨੂੰ ਗੁਰੂ ਸਾਹਿਬ ਨੇ ਸਭ ਤੋਂ ਵਧੇਰੇ ਮਹੱਤਵ ਦਿੱਤਾ। ਗੁਰੂ ਸਾਹਿਬ ਦੀ ਜ਼ਿੰਦਗੀ ਦਾ ਬਹੁਤਾ ਸਮਾਂ ਉਦਾਸੀਆਂ ਦੇ ਰੂਪ ਵਿਚ ਸੰਵਾਦ ਨੂੰ ਹੀ ਸਮਰਪਿਤ ਰਿਹਾ ਹੈ। ਗੁਰੂ ਸਾਹਿਬ ਵਿਚ ਇਕ ਗੱਲ ਜੋ ਪੂਰੀ ਤਰ੍ਹਾਂ ਗੈਰਹਾਜ਼ਰ ਰਹੀ, ਉਹ ਸੀ ਵਿਚਾਰਾਂ ਦੀ ਕੱਟੜਤਾ (ਰਿਜਿਡਿਟੀ)। ਦੂਸਰੇ ਦੇ ਦੂਸਰੇਪਣ/ਵਿਪਰੀਤਪਣ ਦੀ ਆਜ਼ਾਦੀ ਲਈ ਜਾਨ ਤੱਕ ਕੁਰਬਾਨ ਕਰ ਦੇਣ ਦੀ ਉਦਾਹਰਣ ਸਿੱਖ ਪ੍ਰੰਪਰਾ ਤੋਂ ਬਾਹਰ ਹੋਰ ਕਿਧਰੇ ਨਹੀਂ ਮਿਲਦੀ। ਆਜ਼ਾਦੀ, ਬਰਾਬਰੀ ਅਤੇ ਸੰਵਾਦ ਉਪਰ ਟਿਕੀ ਗੁਰੂ ਨਾਨਕ ਦੁਆਰਾ ਸ਼ੁਰੂ ਕੀਤੀ ਇਸ ਓਪਨ ਸੁਸਾਇਟੀ ਦੀ ਪ੍ਰੰਪਰਾ ਉਪਰ ਸਭ ਤੋਂ ਵੱਡੀ ਮੋਹਰ ਗੁਰੂ ਤੇਗ ਬਹਾਦਰ ਸਾਹਿਬ ਨੇ ਹੀ ਲਗਾਈ। ਭਾਵੇਂ ਕਰਤਾਰਪੁਰ ਦੀ ਚੋਣ, ਦਰਬਾਰ ਸਾਹਿਬ ਦਾ ਆਰਕੀਟੈਕਚਰ ਅਤੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਇਸ ਦਿਸ਼ਾ ਵਿਚ ਕੋਈ ਘੱਟ ਮਹੱਤਵ ਨਹੀਂ ਰੱਖਦੇ।

ਇਕਸਾਰਤਾ (ਸੇਮਨੈਸ) ਮੌਤ ਦੀ ਸੂਚਕ ਹੈ ਅਤੇ ਵਿਪਰੀਤਪਣ (ਅਦਰਨੈਸ) ਜੀਵਨ ਵਿਕਾਸ ਦੀ। ਵਿਵਿਧਤਾ ਦੇ ਅੰਦਰ, ਸੰਵਾਦ ਹੀ ਜੀਵਨ ਨਿਰਮਾਣ ਅਤੇ ਵਿਕਾਸ ਦਾ ਮੂਲ ਆਧਾਰ ਹੈ। ਵਖਰੇਵਾਂ ਹੀ ਸੰਸਾਰ ਦੀ ਪਛਾਣ ਹੈ ਅਤੇ ਵਖਰੇਵੇਂ ਅੰਦਰ ਚੱਲ ਰਿਹਾ ਸੰਵਾਦ ਉਸ ਪਛਾਣ ਦੀ ਇਤਿਹਾਸਕਤਾ। ਪ੍ਰੇਮ ਦੂਸਰੇ ਨੂੰ ਆਪਣੇ ਵਰਗਾ ਬਨਾਉਣ ਵਿਚ ਨਹੀਂ, ਦੂਸਰੇ ਦੀ ਵੱਖਰਤਾ ਲਈ ਆਪਣੀ ਹਉਮੈ ਵਿਚ ਜਗ੍ਹਾ ਬਨਾਉਣ ਨਾਲ ਸ਼ੁਰੂ ਹੁੰਦਾ ਹੈ; ਆਪਣੀ ਹਉਮੈ ਦੇ ਇਕ ਹਿਸੇ ਦੀ ਆਹੂਤੀ ਦੇ ਕੇ। ਜਿਸ ਸਮਾਜ ਅੰਦਰ ਦੂਸਰੇ ਦੇ ਦੂਸਰੇਪਣ ਲਈ ਥਾਂ ਨਹੀਂ, ਉਹ ਸਿੱਖ ਸਮਾਜ (ਲਰਨਿੰਗ ਸੁਸਾਇਟੀ) ਨਹੀਂ ਹੋ ਸਕਦਾ। ਜਿਥੇ ਔਰੰਗਜ਼ੇਬ ਦੂਸਰੇ ਦੇ ਦੂਸਰੇਪਣ ਨੂੰ ਖਤਮ ਕਰਕੇ ਇਕਸਾਰਤਾ ਦਾ ਆਤੰਕ ਫੈਲਾ ਰਿਹਾ ਸੀ, ਉਥੇ ਉਸੇ ਵਕਤ ਗੁਰੂ ਤੇਗ ਬਹਾਦਰ ਦੂਸਰੇ ਦੇ ਦੂਸਰੇਪਣ ਲਈ ਸ਼ਹਾਦਤ ਦੇ ਕੇ, ਵੱਖਰਤਾਵਾਂ ਦੇ ਸੰਵਾਦੀ ਨ੍ਰਿਤ ਦੀ ਖ਼ੂਬਸੂਰਤੀ ਪੈਦਾ ਕਰ ਰਹੇ ਸਨ। ਖ਼ੂਬਸੂਰਤ, ਖੁਸ਼ਹਾਲ ਅਤੇ ਅਰਥਭਰਪੂਰ ਭਵਿਖ ਦੇ ਨਿਰਮਾਣ ਲਈ ਸੰਸਾਰ ਨੇ ਸ਼ਕਤੀ ਸਬੰਧਾਂ ਉਪਰ ਟਿਕੀ ਔਰੰਗਜ਼ੇਬੀ ਵਿਵਸਥਾ ਦੀ ਨਹੀਂ, ਗਿਆਨ ਦੇ ਸੰਵਾਦੀ ਸਬੰਧਾਂ ਉਪਰ ਟਿਕੇ ਗੁਰੂ ਨਾਨਕ ਦੇ ਸਿੱਖ ਸਮਾਜ (ਲਰਨਿੰਗ ਸੁਸਾਇਟੀ) ਦੀ ਚੋਣ ਕੀਤੀ ਹੈ।

**6. ਸੰਮਿਲਨ (ਇਨਕਲੂਯਨ):**

ਗੁਰੂ ਸਾਹਿਬ ਦਾ ਬਚਨ: *“ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੇ ਸਗਲ ਜਗਤਿ॥”* ਇਸ ਗੱਲ ਵੱਲ ਸਪਸ਼ਟ ਸੰਕੇਤ ਹੈ ਕਿ ਸਿੱਖ ਸਮਾਜ ਅੰਦਰ ਕੇਵਲ ਵਿਭਿੰਨ ਆਰਥਕ, ਰਾਜਨੀਤਕ, ਸਮਾਜਕ, ਸਭਿਆਚਾਰਕ, ਖੇਤਰੀ, ਵਿਵਸਾਇਕ ਅਤੇ ਧਾਰਮਿਕ ਵਰਗਾਂ ਦੇ ਲੋਕ ਹੀ ਸ਼ਾਮਲ ਨਹੀਂ ਹੋਣਗੇ, ਸਗੋਂ ਆਪਣੇ ਵਿਵਿਧ ਰੂਪਾਂ ਵਿਚ ਕੁਦਰਤ ਵੀ ਸ਼ਾਮਲ ਰਹੇਗੀ। ਕੇਵਲ ਜੀਵ ਜੰਤੂ, ਪਸ਼ੂ

ਪੰਛੀ, ਬਨਸਪਤੀ, ਦਰਿਆ ਪਹਾੜ ਸਮੁੰਦਰ, ਸੂਰਜ ਚੰਦ ਤਾਰੇ, ਬ੍ਰਹਿਮੰਡ, ਹਵਾ ਪਾਣੀ ਆਕਾਸ਼ ਪਾਤਾਲ ਅਗਨੀ ਅਤੇ ਦਿਵਸ ਰਾਤ ਹੀ ਨਹੀਂ, ਬ੍ਰਹਿਮੰਡੀ ਖੇਡ ਵਿਚ ਸ਼ਾਮਲ ਹਰ ਵਸਤੂ, ਵਰਤਾਰਾ ਅਤੇ ਤਰਕ ਇਸ ਵਿਚ ਸ਼ਾਮਲ ਰਹੇਗਾ। ਨਾਮ ਕੇ ਧਾਰੇ ਮਨੁਖ, ਮਸ਼ੀਨ, ਕੁਦਰਤ ਅਤੇ ਗਿਆਨ ਚਾਰੋਂ ਹੀ ਸਰਬ-ਪਾਸਾਰੀ ਸੰਵਾਦ ਵਿਚ ਬਰਾਬਰ ਸਾਮਲ ਰਹਿਣਗੇ। ਮਨੁੱਖ ਦੂਸਰੇ ਮਨੁੱਖਾਂ, ਮਸ਼ੀਨ ਅਤੇ ਕੁਦਰਤ ਨਾਲ ਇਕ ਦਿਸ਼ਾਵੀ ਸੰਵਾਦ ਹੀ ਨਹੀਂ ਰਚਾਉਣਗੇ। ਮਸ਼ੀਨ ਵੀ ਦੂਸਰੀਆਂ ਮਸ਼ੀਨਾਂ, ਕੁਦਰਤ ਅਤੇ ਮਨੁੱਖ ਨਾਲ ਇਸੇ ਤਰ੍ਹਾਂ ਦਾ ਸੰਵਾਦ ਰਚਾਏਗੀ। ਭਾਵ ਮਨੁੱਖ, ਮਸ਼ੀਨ, ਕੁਦਰਤ ਅਤੇ ਗਿਆਨ, ਚਾਰੋਂ ਸ਼ਬਦ ਦੇ ਰੂਹਾਨੀ ਨੈਟਵਰਕ ਵਿਚ ਬੱਝ ਕੇ ਹੀ, ਚੇਤਨਾ ਦੇ ਪਾਸਾਰ ਦੀ ਲੀਲ੍ਹਾ ਰਚਾਉਣਗੇ।

**7. ਆਜ਼ਾਦੀ ਅਤੇ ਬਰਾਬਰੀ:**

ਸਾਮੰਤਸ਼ਾਹੀ-ਬ੍ਰਾਹਮਣਵਾਦੀ ਨਿਜ਼ਾਮ ਦੀ ਵਿਸਥਾਪਨਾ ਰਾਹੀਂ, ਅਜ਼ਾਦੀ ਅਤੇ ਬਰਾਬਰੀ ਵਰਗੀਆਂ ਕਦਰਾਂ ਕੀਮਤਾਂ ਨਾਲ ਪ੍ਰਨਾਏ ਕਿਰਤ ਕਰਨ, ਨਾਮ ਜਪਣ ਅਤੇ ਵੰਡ ਕੇ ਛਕਣ ਵਾਲੇ ਨਵੇਂ ਮਨੁੱਖ, ਸਮਾਜ ਅਤੇ ਰਾਜ-ਪ੍ਰਬੰਧ ਦੀ ਸਥਾਪਨਾ ਨੂੰ ਤਾਂ ਗੁਰੂ ਨਾਨਕ ਬਾਣੀ ਦਾ ਮੂਲ ਸਰੋਕਾਰ ਵੀ ਆਖਿਆ ਜਾ ਸਕਦਾ ਹੈ।

ਗੁਰੂ ਨਾਨਕ ਬਾਣੀ ਵਿਚ ਮਨੁੱਖ ਨੂੰ ਵਾਰ ਵਾਰ ਨੀਵਾਂ, ਨਿਤਾਣਾ, ਗਰੀਬ, ਮਸਕੀਨ, ਦਾਸ, ਆਦਿ ਆਖ ਕੇ ਉਸ ਨੂੰ ਉਸਦੀ ਸਮਾਜ-ਆਰਥਕ-ਰਾਜਨੀਤਕ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਉਸ ਨੂੰ ਜ਼ੋਰ-ਜ਼ੁਲਮ ਅਨਿਆਂ ਅਤੇ ਬ੍ਰਾਹਮਣਵਾਦੀ ਪ੍ਰਵਚਨਾਂ ਰਾਹੀਂ ਗੁਲਾਮ ਬਨਾਉਣ ਵਾਲੇ ਸਾਮੰਤਸ਼ਾਹੀ-ਬ੍ਰਾਹਮਣਵਾਦੀ ਪ੍ਰਬੰਧ ਬਾਰੇ ਚੇਤਨ ਕਰਵਾਇਆ ਜਾ ਰਿਹਾ ਹੈ। ਉਸਨੂੰ ਅਹਿਸਾਸ ਕਰਵਾਇਆ ਜਾ ਰਿਹਾ ਹੈ ਕਿ ਉਹ ਆਪਣੇ ਕਿਸੇ ਪਿਛਲੇ ਜਨਮ ਦੇ ਕਰਮਾਂ ਕਰਕੇ ਨਹੀਂ, ਸਾਮੰਤਸ਼ਾਹੀ-ਬ੍ਰਾਹਮਣਵਾਦੀ ਨਿਜ਼ਾਮ ਦੀ ਵਿਚਾਰਧਾਰਾ ਅਤੇ ਰਾਜਨੀਤੀ ਕਾਰਨ ਹੀ ਗੁਲਾਮ ਬਣਿਆ ਹੋਇਆ ਹੈ।

ਵਰਣ ਆਸ਼ਰਮ ਧਰਮ ਸਾਮੰਤਸ਼ਾਹੀ-ਬ੍ਰਾਹਮਣਵਾਦੀ ਨਿਜ਼ਾਮ ਦੁਆਰਾ ਸਥਾਪਤ ਅਜੇਹੀ ਵਿਵਸਥਾ ਦਾ ਨਾਮ ਹੈ, ਜੋ ਡੰਡੇ ਦੀ ਥਾਂ ਰਜ਼ਾਮੰਦੀ ਰਾਹੀਂ, ਲੋਕਾਂ ਦੀਆਂ ਆਜ਼ਾਦੀ ਅਤੇ ਬਰਾਬਰੀ ਵਰਗੀਆਂ ਭਾਵਨਾਵਾਂ ਨੂੰ ਦਬਾ ਕੇ, ਉਹਨਾ ਨੂੰ ਹਾਈਰਾਰਕੀਕਲ ਸਟਰਕਚਰਜ਼ ਵਿਚ ਬੰਨ੍ਹਦਾ ਸੀ। ਏਥੋਂ ਸਟੇਟ ਦੇ ਨਿਰਮਾਣ ਅਤੇ ਚਲਨ ਵਿਚ ਧਰਮ ਦੇ ਰੋਲ ਦੀ ਵੀ ਸੂਹ ਪੈਂਦੀ ਹੈ। ਗੁਰੂ ਨਾਨਕ ਦੇ ਜ਼ਮਾਨੇ ਵਿਚ (ਜਾਂ ਸ਼ਾਇਦ ਅੱਜ ਵੀ) ਵਰਣ ਆਸ਼ਰਮ ਧਰਮ ਉਸ ਵਿਵਸਥਾ ਦਾ ਨਾਮ ਸੀ, ਜਿਸ ਅਧੀਨ ਲੋਕ ਆਜ਼ਾਦੀ ਅਤੇ ਬਰਾਬਰੀ ਦੀਆਂ ਭਾਵਨਾਵਾਂ ਨੂੰ ਭੁਲਾ ਕੇ ਘਰ-ਪਰਿਵਾਰ, ਭਾਈਚਾਰੇ ਅਤੇ ਸਟੇਟ ਵਰਗੀਆਂ ਹਾਈਰਾਰਕੀਕਲ ਅਤੇ ਅਮਾਨਵੀ ਸੰਗਠਨਕਾਰੀਆਂ ਵਿਚ ਕੈਦ ਹੋਣਾ ਕਬੂਲ ਕਰ ਲੈਂਦੇ ਸਨ। ਸਪਸ਼ਟ ਹੈ ਕਿ ਧਰਮ ਨੂੰ ਸੰਬੋਧਿਤ ਹੋਏ ਬਿਨਾਂ ਇਹਨਾ ਹਾਈਰਾਰਕੀਕਲ ਅਤੇ ਅਮਾਨਵੀ ਕਦਰਾਂ ਕੀਮਤਾਂ ਨੂੰ ਜਨਮ ਦੇਣ ਵਾਲੀਆਂ ਵਿਚਾਰਧਾਰਕ ਸੰਗਠਨਕਾਰੀਆਂ ਨੂੰ ਰਪਚਰ ਨਹੀਂ ਸੀ ਕੀਤਾ ਜਾ ਸਕਦਾ।

ਉਸ ਸਮੇਂ ਇਸ ਹੈਜਮੌਨਿਕ ਕੰਟਰੋਲ ਸਿਸਟਮ ਦੇ ਬਾਹਰ ਕੇਵਲ ਇਕੋ ਇਕ ਆਜ਼ਾਦ ਖੇਤਰ ਸੀ- ਅਧਿਆਤਮਕ ਖੇਤਰ। ਏਥੇ ਮਨੁੱਖ ਆਪਣੀ ਵਿਅਕਤੀਗਤ ਆਜ਼ਾਦੀ (ਮੁਕਤੀ) ਲਈ ਸੋਚ ਅਭਿਆਸ ਕਰਨ ਲਈ ਤਾਂ ਆਜ਼ਾਦ ਸੀ, ਪਰ ਸਮਾਜ ਤੋਂ ਬਾਹਰ ਰਹਿ ਕੇ। ਨਤੀਜੇ ਵਜੋਂ ਸਮਾਜ-ਆਰਥਕ-ਰਾਜਨੀਤਕ ਅਤੇ ਸਭਿਆਚਾਰਕ ਖੇਤਰ ਤੋਂ ਬਾਹਰ ਹੋਣ ਕਾਰਨ ਓਹਨਾ ਦੀ ਇਹ ਆਜ਼ਾਦੀ ਅਧਿਆਤਮਕ ਮੁਕਤੀ ਤੱਕ ਹੀ ਸੀਮਤ ਹੋ ਕੇ ਰਹਿ ਗਈ। ਪਰਿਵਾਰ, ਭਾਈਚਾਰੇ ਅਤੇ ਸਟੇਟ ਵਿਚ ਰਹਿ ਕੇ ਸਮਾਜਕ, ਆਰਥਕ ਅਤੇ ਰਾਜਨੀਤਕ ਗੁਲਾਮੀ ਦੇ ਬੰਧਨਾਂ ਨੂੰ ਕਿਵੇਂ ਤੋੜਨਾ ਹੈ, ਭਾਈ ਗੁਰਦਾਸ ਦੇ ਸ਼ਬਦਾਂ ਵਿਚ ਇਹ ਉਹਨਾ ਦਾ ਕਰਮ ਖੇਤਰ ਨਹੀਂ ਸੀ। "ਸਿਧ ਛਪ ਬੈਠੇ ਪਰਬਤੀਂ, ਕਉਣ ਜਗਤਿ ਕਉ ਪਾਰ ਉਤਾਰਾ।"

ਸਾਮੰਤਸ਼ਾਹੀ-ਬ੍ਰਾਹਮਣਵਾਦੀ ਸਮਾਜ ਵਿਚ ਸਦੀਆਂ ਤੋਂ ਗੁਲਾਮੀ ਦਾ ਜੀਵਨ ਬਿਤਾ ਰਹੇ ਵਿਅਕਤੀ ਨੂੰ ਇਕ ਦਮ ਤਾਂ ਬਗਾਵਤ ਲਈ ਤਿਆਰ ਨਹੀਂ ਸੀ ਕੀਤਾ ਜਾ ਸਕਦਾ। ਇਸ ਲਈ ਗੁਰੂ ਸਾਹਿਬ ਮੱਧਜੁਗੀ ਮਨੁੱਖ ਦੇ ਖਾਨੇ ਵਿਚ ਪੈਣ ਵਾਲੀ ਇਕ ਐਸੀ ਜੁਗਤ ਅਪਣਾਉਂਦੇ ਹਨ ਜਿਸ ਰਾਹੀਂ ਉਹ ਸਾਮੰਤ ਅਤੇ ਬ੍ਰਾਹਮਣ ਦੀ ਸ਼ਕਤੀ ਨੂੰ ਉਹਨਾ ਦੇ ਹੀ ਖਿਲਾਫ ਵਰਤ ਲੈਂਦੇ ਹਨ। ਪ੍ਰਮਾਤਮਾਂ ਦੀ ਸ਼ਕਤੀ ਅਤੇ ਸਿਖਿਆ ਦੀ ਨੁਮਾਇੰਦਗੀ ਦਾ ਦਾਅਵਾ ਪੇਸ਼ ਕਰਨ ਵਾਲੇ ਬਾਦਸ਼ਾਹ ਅਤੇ ਬ੍ਰਾਹਮਣ ਦੇ ਮੁਕਾਬਲੇ ਤੇ ਜਦੋਂ ਗੁਰੂ ਸਾਹਿਬ ਉਸ ਪ੍ਰਮਾਤਮਾਂ ਨੂੰ ਹੀ ਇੱਕੋ ਇਕ ਸੱਚਾ ਪਾਤਸ਼ਾਹ, ਸੱਚਾ ਗੁਰੂ ਅਤੇ ਪਤੀ ਪਰਮੇਸ਼ਰ ਬਣਾ ਕੇ ਪੇਸ਼ ਕਰਦੇ ਹਨ, ਤਾਂ ਉਹਨਾ ਦੀ ਇਹ ਵਿਧਾ ਸਹਿਜੇ ਹੀ ਦੁਨਿਆਵੀ ਪਾਤਸ਼ਾਹਾਂ, ਬ੍ਰਾਹਮਣਾਂ ਅਤੇ ਪਿਤਰੀ ਸਮਾਜ ਦੀ ਪ੍ਰਭੁੱਤਾ ਦਾ ਅੰਤ ਕਰ ਦਿੰਦੀ ਹੈ।

ਗੁਰੂ ਸਾਹਿਬ ਦ੍ਰਿੜ ਕਰਵਾਉਂਦੇ ਹਨ ਕਿ ਪ੍ਰਮਾਤਮਾਂ ਹੀ ਇੱਕੋ ਇਕ ਅਸਲੀ ਮਾਲਕ, ਸਤਿਗੁਰੂ, ਪਰਮ


**www.sanvad.org**
ISSN : 2395-1273

ਪਿਤਾ, ਪਤੀ ਪਰਮੇਸ਼ਰ ਅਤੇ ਸੱਚਾ ਪਾਤਸ਼ਾਹ ਹੈ। ਸਭ ਦਾ ਮਾਲਕ ਕੇਵਲ ਉਹੋ ਹੀ ਹੈ। ਉਸ ਇਕ ਤੋਂ ਸਿਵਾ ਹੋਰ ਕਿਸੇ ਦੀ ਅਥਾਰਟੀ ਨਹੀਂ ਮੰਨਣੀ। ਇਸ ਤਰ੍ਹਾਂ ਉਹ ਮਨੁੱਖ ਨੂੰ ਘਰ ਵਿਚ ਪਿਤਾ ਅਤੇ ਪਤੀ, ਸਮਾਜ ਵਿਚ ਬ੍ਰਾਹਮਣ, ਖੇਤ ਵਿਚ ਜਗੀਰਦਾਰ ਅਤੇ ਸ਼ਾਹੂਕਾਰ ਅਤੇ ਰਾਜ ਵਿਚ ਰਜਵਾੜੇ ਦੀ ਥਾ ਪਰਮਾਤਮਾ ਦੀ ਗੁਲਾਮੀ ਨਾਲ ਜੋੜ ਕੇ, ਉਸ ਨੂੰ ਹਰ ਕਿਸਮ ਦੀ ਸਮਾਜ-ਸਭਿਆਚਾਰਕ ਅਤੇ ਆਰਥਕ-ਰਾਜਨੀਤਕ ਗੁਲਾਮੀ ਤੋਂ ਮੁਕਤ ਕਰਵਾ ਦਿੰਦੇ ਹਨ।

ਕੇਵਲ ਗੁਲਾਮੀ ਤੋਂ ਹੀ ਮੁਕਤ ਨਹੀਂ ਕਰਵਾਉਂਦੇ, ਰਾਜੇ ਅਤੇ ਰੰਕ, ਬ੍ਰਾਹਮਣ ਅਤੇ ਸ਼ੂਦਰ, ਮਰਦ ਅਤੇ ਔਰਤ, ਸਭ ਨੂੰ ਪਰਮਾਤਮਾ ਦੀ ਇੱਕੋ ਜੇਹੀ ਗੁਲਾਮੀ ਨਾਲ ਜੋੜ ਕੇ ਉਹ ਬਰਾਬਰੀ ਅਤੇ ਸਰਬ ਸਾਂਝੀਵਾਲਤਾ ਦਾ ਮਾਹੌਲ ਵੀ ਸਿਰਜ ਦਿੰਦੇ ਹਨ।

ਇਸ ਨੂੰ ਗੁਰੂ ਨਾਨਕ ਬਾਣੀ ਦਾ ਮੂਲ ਸਰੋਕਾਰ ਇਸ ਲਈ ਆਖਿਆ ਹੈ, ਕਿਉਂਕਿ ਇਸ ਮੂਲ ਸਰੋਕਾਰ ਨੇ ਫੇਰ ਹਰ ਦਿਸ਼ਾ ਅਤੇ ਖੇਤਰ ਵਿਚ ਤਬਦੀਲੀ ਦੀ ਲੋੜ ਪੈਦਾ ਕਰ ਦਿੱਤੀ। ਉਦਾਹਰਣ ਦੇ ਤੌਰ 'ਤੇ ਸਭ ਤੋਂ ਵੱਡੀ ਲੋੜ ਸੀ ਸਾਮੰਤਸ਼ਾਰੀ-ਬ੍ਰਾਹਮਣਵਾਦੀ ਵਰਣ ਆਸ਼ਰਮ ਧਰਮ ਦੀ ਨੈਤਿਕਤਾ ਨੂੰ ਵਿਸਥਾਪਿਤ ਕਰਕੇ ਨਵੀਂ ਕ੍ਰਾਂਤੀਕਾਰੀ ਨੈਤਿਕਤਾ ਦੀ ਸਥਾਪਨਾ ਕਰਨਾ।

**8. ਹਉਮੈ ਦਾ ਤਿਆਗ ਅਤੇ ਸਾਂਝੀਵਾਲਤਾ:**

ਲਰਨਿੰਗ ਸੁਸਾਇਟੀ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ 'ਹਉਮੈ' ਜਾਂ ਬੌਧਿਕ ਹੰਕਾਰ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਜਦੋਂ ਤੱਕ ਮਨੁੱਖ ਆਪਣੀ ਹਉਮੈ ਦਾ ਤਿਆਗ ਨਹੀਂ ਕਰਦਾ, ਉਹ ਨਵਾਂ ਗਿਆਨ ਗ੍ਰਹਿਣ ਨਹੀਂ ਕਰ ਸਕਦਾ। ਗਿਆਨ ਦੇ ਲੋਕਤੰਤਰੀਕਰਨ ਲਈ 'ਮੈਂ' ਦੀ ਥਾਂ 'ਤੂੰ' ਅਤੇ 'ਸਾਡਾ' ਦਾ ਸੰਕਲਪ ਜ਼ਰੂਰੀ ਹੈ। ਇਹ ਨੁਕਤਾ ਵਿਅਕਤੀਗਤ ਬੌਧਿਕ ਮਲਕੀਅਤ ਦੀ ਬਜਾਏ 'ਓਪਨ ਸੋਰਸ ਗਿਆਨ' ਦੀ ਵਕਾਲਤ ਕਰਦਾ ਹੈ।

**9. ਵਿਸਮਾਦ ਅਤੇ ਰਚਨਾਤਮਕਤਾ:**

ਆਧੁਨਿਕ ਸਿੱਖਿਆ ਪ੍ਰਣਾਲੀ ਅਕਸਰ ਸੂਚਨਾਵਾਂ ਦੇ ਬੋਝ ਹੇਠ ਦੱਬੀ ਹੁੰਦੀ ਹੈ, ਪਰ ਗੁਰੂ ਸਾਹਿਬ 'ਵਿਸਮਾਦ' (Awe/Wonder) 'ਤੇ ਜ਼ੋਰ ਦਿੰਦੇ ਹਨ। ਇਕ ਸੱਚੀ ਲਰਨਿੰਗ ਸੁਸਾਇਟੀ ਉਹ ਹੈ ਜਿੱਥੇ ਕੁਦਰਤ ਅਤੇ ਬ੍ਰਹਿਮੰਡ ਦੇ ਰਹੱਸਾਂ ਨੂੰ ਦੇਖ ਕੇ ਮਨੁੱਖ ਅੰਦਰ ਹੈਰਾਨੀ ਅਤੇ ਖੋਜ ਦੀ ਜਿਗਿਆਸਾ ਬਣੀ ਰਹੇ। ਇਹੋ ਜਿਗਿਆਸਾ ਹੀ ਵਿਗਿਆਨਕ ਕਾਢਾਂ ਅਤੇ ਰਚਨਾਤਮਕਤਾ ਦੀ ਜਨਮਦਾਤੀ ਹੈ।

**10. ਸੱਚ ਆਚਾਰ:**

ਗੁਰੂ ਸਾਹਿਬ ਦਾ ਫੁਰਮਾਨ ਹੈ: "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥" ਗਿਆਨ ਕੇਵਲ ਦਿਮਾਗੀ ਕਸਰਤ ਨਹੀਂ ਹੋਣੀ ਚਾਹੀਦੀ, ਸਗੋਂ ਇਸ ਦਾ ਪ੍ਰਗਟਾਵਾ ਮਨੁੱਖ ਦੇ ਉੱਚੇ-ਸੁੱਚੇ ਆਚਰਣ ਵਿੱਚੋਂ ਹੋਣਾ ਚਾਹੀਦਾ ਹੈ। ਜੇਕਰ ਤਕਨਾਲੋਜੀ ਅਤੇ ਗਿਆਨ ਨੈਤਿਕਤਾ ਤੋਂ ਸੱਖਣੇ ਹਨ, ਤਾਂ ਉਹ ਵਿਨਾਸ਼ਕਾਰੀ ਹੋ ਸਕਦੇ ਹਨ। ਸਿੱਖ ਸਮਾਜ ਵਿਚ ਗਿਆਨ ਦਾ ਉਦੇਸ਼ 'ਕਿਰਦਾਰ ਨਿਰਮਾਣ' ਹੈ।

**11. ਭੈ ਅਤੇ ਭਾਉ ਦਾ ਸੰਤੁਲਨ:**

ਗਿਆਨ ਦੀ ਪ੍ਰਾਪਤੀ ਲਈ ਇਕ ਪਾਸੇ 'ਭੈ' (ਨਿਯਮਬੱਧਤਾ) ਅਤੇ ਦੂਜੇ ਪਾਸੇ 'ਭਾਉ' (ਪ੍ਰੇਮ) ਦੀ ਲੋੜ ਹੈ। ਕੁਦਰਤ ਦੇ ਨਿਯਮਾਂ ਦਾ ਸਤਿਕਾਰ (ਭੈ) ਅਤੇ ਸਿੱਖਣ ਦੀ ਪ੍ਰਕਿਰਿਆ ਨਾਲ ਲਗਾਵ (ਭਾਉ) ਹੀ ਕਿਸੇ ਸਮਾਜ ਨੂੰ ਲਗਾਤਾਰ ਸਿੱਖਣ ਵਾਲੀ ਸੰਸਥਾ ਬਣਾ ਸਕਦਾ ਹੈ। ਬਿਨਾਂ ਅਨੁਸ਼ਾਸਨ ਦੇ ਗਿਆਨ ਖਿੱਲਰ ਜਾਂਦਾ ਹੈ ਅਤੇ ਬਿਨਾਂ ਪ੍ਰੇਮ ਦੇ ਇਹ ਬੋਝ ਬਣ ਜਾਂਦਾ ਹੈ।

ਅੰਤ ਵਿਚ ਗੁਰੂ ਨਾਨਕ ਸਾਹਿਬ ਦਾ ਦਰਸ਼ਨ ਕੇਵਲ ਪਰਲੋਕ ਦੀ ਗੱਲ ਨਹੀਂ ਕਰਦਾ, ਸਗੋਂ ਇਸੇ ਧਰਤੀ 'ਤੇ ਇਕ ਅਜਿਹੀ ਗਿਆਨ-ਅਧਾਰਿਤ ਸਭਿਅਤਾ (ਲਰਨਿੰਗ ਸੁਸਾਇਟੀ) ਦੀ ਨੀਂਹ ਰੱਖਦਾ ਹੈ ਜਿਸ ਨੂੰ ਅੱਜ ਦਾ ਪੱਛਮੀ ਜਗਤ ਹਾਲੇ ਹੁਣ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਇਸ ਗਿਆਨ-ਅਧਾਰਿਤ ਸਭਿਅਤਾ ਨੂੰ ਚਾਰ ਪਹਿਲੂਆਂ ਵਿਚ ਸਮੇਟਿਆ ਜਾ ਸਕਦਾ ਹੈ

1. **ਗਿਆਨ ਦੀ ਨਵੀਂ ਪਰਿਭਾਸ਼ਾ** : ਪਰਚਾ ਇਹ ਦਰਸਾਉਂਦਾ ਹੈ ਕਿ ਗੁਰੂ ਸਾਹਿਬ ਲਈ 'ਨਾਮ' ਕੇਵਲ ਮੰਤਰ ਨਹੀਂ, ਸਗੋਂ ਬ੍ਰਹਿਮੰਡ ਦੇ ਉਹ ਗਣਿਤਕ ਅਤੇ ਕੁਦਰਤੀ ਨਿਯਮ ਹਨ ਜਿਨ੍ਹਾਂ ਨੂੰ 'ਸ਼ਬਦ') ਰਾਹੀਂ ਸਮਝਿਆ ਜਾ ਸਕਦਾ ਹੈ। ਇਹ ਸਿੱਖਿਆ ਸਾਨੂੰ ਪਦਾਰਥਕ ਪੂੰਜੀ ਤੋਂ ਉੱਪਰ ਉੱਠ ਕੇ 'ਗਿਆਨ ਪੂੰਜੀ' ਦੇ ਉਤਪਾਦਕ ਬਣਨ ਦਾ ਸੱਦਾ ਦਿੰਦੀ ਹੈ।
2. **ਸੁਰਤ-ਸ਼ਬਦ ਦੀ ਕਿਰਤ**: ਮਨੁੱਖ ਦਾ ਨਵਾਂ ਰੋਲ : ਅੱਜ ਜਦੋਂ ਮਸ਼ੀਨਾਂ ਜਿਸਮਾਨੀ ਅਤੇ ਦਿਮਾਗੀ ਕੰਮ ਨੂੰ

ਆਪਣੇ ਹੱਥਾਂ ਵਿਚ ਲੈ ਰਹੀਆਂ ਹਨ, ਗੁਰੂ ਨਾਨਕ ਦਾ ਮਾਡਲ ਮਨੁੱਖ ਨੂੰ 'ਸੁਰਤ-ਸ਼ਬਦ' ਦੀ ਕਿਰਤ ਲਈ ਆਜ਼ਾਦ ਕਰਦਾ ਹੈ। ਇਸ ਦਾ ਦਾਰਸ਼ਨਿਕ ਨਿਚੋੜ ਇਹ ਹੈ ਕਿ ਮਨੁੱਖ ਦਾ ਅਸਲ ਕੰਮ 'ਹੋਂਦ ਨੂੰ ਅਰਥ ਦੇਣਾ' ਅਤੇ ਚੇਤਨਾ ਦਾ ਪਾਸਾਰ ਕਰਨਾ ਹੈ, ਨਾ ਕਿ ਕੇਵਲ ਪੇਟ ਪਾਲਣਾ।

3. **ਸੰਵਾਦ ਬਨਾਮ ਔਰੰਗਜ਼ੇਬੀ ਇੱਕਸਾਰਤਾ** : ਪਰਚੇ ਦਾ ਦਾਰਸ਼ਨਿਕ ਨੁਕਤਾ ਇਹ ਹੈ ਕਿ 'ਵੱਖਰਤਾ' ਮੌਤ ਨਹੀਂ, ਸਗੋਂ ਜੀਵਨ ਦਾ ਸਬੂਤ ਹੈ। ਗੁਰੂ ਸਾਹਿਬ ਨੇ ਜਿਸ ਓਪਨ ਸੁਸਾਇਟੀ ਦੀ ਗੱਲ ਕੀਤੀ, ਉਹ ਦੂਜੇ ਨੂੰ ਆਪਣੇ ਵਰਗਾ ਬਣਾਉਣ ਵਿਚ ਨਹੀਂ, ਸਗੋਂ ਦੂਜੇ ਦੀ ਹੋਂਦ ਦਾ ਸਤਿਕਾਰ ਕਰਨ ਵਿਚ ਹੈ। ਇਹ 'ਗਿਆਨ ਦੇ ਸੰਵਾਦੀ ਸਬੰਧਾਂ' ਉੱਤੇ ਟਿਕਿਆ ਸਮਾਜ ਹੈ, ਜੋ ਸ਼ਕਤੀ ਦੇ ਅਧਾਰ 'ਤੇ ਟਿਕੇ ਔਰੰਗਜ਼ੇਬੀ ਮਾਡਲ ਦਾ ਇੱਕੋ-ਇਕ ਮਾਨਵੀ ਬਦਲ ਹੈ।
4. **ਸੰਮਿਲਨ ਅਤੇ ਸਰਬ-ਸਾਂਝੀਵਾਲਤਾ** : ਭਵਿੱਖ ਦਾ ਸਮਾਜ ਕੇਵਲ ਮਨੁੱਖਾਂ ਦਾ ਨਹੀਂ ਹੋਵੇਗਾ, ਸਗੋਂ ਇਸ ਵਿਚ ਮਨੁੱਖ, ਕੁਦਰਤ, ਮਸ਼ੀਨ ਅਤੇ ਗਿਆਨ - ਇਹ ਚਾਰੇ ਇੱਕੋ ਰੂਹਾਨੀ ਨੈੱਟਵਰਕ ਵਿਚ ਪਰੋਏ ਹੋਣਗੇ। 'ਪਵਣੁ ਗੁਰੂ ਪਾਣੀ ਪਿਤਾ' ਦਾ ਦਾਰਸ਼ਨਿਕ ਸਾਰ ਅੱਜ ਦੇ ਵਾਤਾਵਰਣਿਕ ਅਤੇ ਤਕਨਾਲੋਜੀਕਲ ਸੰਕਟਾਂ ਦਾ ਸਦੀਵੀ ਹੱਲ ਹੈ।

ਸੰਖੇਪ ਵਿੱਚ, ਸਾਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਅਸੀਂ ਗੁਰੂ ਸਾਹਿਬ ਦੇ 'ਲਰਨਿੰਗ ਸੁਸਾਇਟੀ' ਦੇ ਸੁਪਨੇ ਨੂੰ ਵਿਸਾਰ ਕੇ 'ਅੰਨਦਾਤੇ ਤੋਂ ਭਿਖਾਰੀ' ਬਣ ਗਏ ਹਾਂ। ਪਰਚੇ ਦਾ ਅਸਲ ਮੰਤਵ ਸਾਨੂੰ ਮੁੜ ਉਸੇ ਕਰਤਾਰਪੁਰੀ ਮਾਡਲ ਵੱਲ ਮੋੜਨਾ ਹੈ, ਜਿੱਥੇ ਆਜ਼ਾਦੀ, ਬਰਾਬਰੀ ਅਤੇ ਸਾਂਝੀਵਾਲਤਾ ਕੇਵਲ ਨਾਅਰੇ ਨਹੀਂ, ਸਗੋਂ 'ਗਿਆਨ ਦੀ ਕਿਰਤ' ਰਾਹੀਂ ਪ੍ਰਾਪਤ ਕੀਤੀ ਹੋਈ ਹਕੀਕਤ ਹਨ। ਇਹ ਸਮਾਜਿਕ ਨਿਆਂ ਦੀ ਉਹ ਸਰਬੋਤਮ ਸੰਸਥਾ ਹੈ ਜਿੱਥੇ 'ਸ਼ਬਦ ਦਾ ਲੰਗਰ' ਅਤੁੱਟ ਵਰਤਦਾ ਹੈ।

*ਬਾਬੇ ਦਾ ਬ੍ਰਹਿਮੰਡੀ ਚਰਖਾ*

*ਉਹ ਕਰਤਾਰਪੁਰ ਦੇ ਖੇਤਾਂ 'ਚ,*
*ਸਿਰਫ਼ ਹਲ਼ ਨਹੀਂ ਸੀ ਵਾਹ ਰਿਹਾ,*
*ਉਹ ਤਾਂ ਧਰਤੀ ਦੀ ਹਿੱਕ 'ਤੇ*
*'ਅਰਥਾਂ' ਦੀ ਨਵੀਂ ਕਾਇਨਾਤ ਉਗਾ ਰਿਹਾ ਸੀ।*

*ਉਸ ਦੇ ਹੱਥ ਮਿੱਟੀ ਵਿਚ ਸਨ,*
*ਪਰ ਮੱਥਾ 'ਸ਼ਬਦ' ਦੇ ਉਸ ਨਕਸ਼ੇ 'ਤੇ ਸੀ,*
*ਜਿੱਥੇ ਹਵਾਵਾਂ 'ਗੁਰੂ' ਬਣ ਕੇ ਵਗਦੀਆਂ ਨੇ*
*ਤੇ ਪਾਣੀ 'ਪਿਤਾ' ਹੋਣ ਦਾ ਫਰਜ਼ ਨਿਭਾਉਂਦੇ ਨੇ।*

*ਬਾਬੇ ਦਾ 'ਨਾਮ' - ਕੋਈ ਮਣਕਿਆਂ ਦੀ ਦੌੜ ਨਹੀਂ ਸੀ,*
*ਉਹ ਤਾਂ ਬ੍ਰਹਿਮੰਡ ਦੀ ਉਸ 'ਸਾਈਲੈਂਟ ਇਕੁਏਸ਼ਨ' ਦਾ ਦਰਸ਼ਨ ਸੀ,*
*ਜਿਸ ਵਿਚ ਧਰਤੀ, ਸੂਰਜ ਤੇ ਸਿਤਾਰੇ-*
*ਇੱਕੋ 'ਹੁਕਮ' ਦੀ ਲੈਅ ਵਿਚ ਨੱਚਦੇ ਨੇ।*
*ਉਹ ਸਾਨੂੰ 'ਨਾਮ' ਨਹੀਂ ਸੀ ਜਪਾ ਰਿਹਾ,*
*ਉਹ ਤਾਂ ਸਾਨੂੰ ਉਸ 'ਰੱਬੀ ਨੈੱਟਵਰਕ' ਨਾਲ ਜੋੜ ਰਿਹਾ ਸੀ,*
*ਜਿੱਥੇ ਹਰ ਜੀਵ, ਹਰ ਮਸ਼ੀਨ ਤੇ ਹਰ ਪੱਤਾ-*
*ਇੱਕੋ ਸਾਂਝੀ 'ਵਾਈਬ੍ਰੇਸ਼ਨ' ਵਿਚ ਧੜਕਦਾ ਹੈ।*

*ਉਸ ਦਾ 'ਲੰਗਰ' - ਕੇਵਲ ਥਾਲੀਆਂ ਦਾ ਸ਼ੋਰ ਨਹੀਂ ਸੀ,*
*ਉਹ ਤਾਂ 'ਹਉਮੈ' ਦੇ ਆਈਸਬਰਗ ਨੂੰ*
*ਸਾਂਝੀਵਾਲਤਾ ਦੀ ਧੁੱਪ ਵਿਚ ਪਿਘਲਾਉਣ ਦੀ ਜੁਗਤ ਸੀ।*


**www.sanvad.org**
ISSN : 2395-1273

*ਉੱਥੇ 'ਗਿਆਨ' ਕਿਸੇ ਦੀ ਤਿਜੋਰੀ 'ਚ ਕੈਦ ਨਹੀਂ ਸੀ,*
*ਉੱਥੇ ਤਾਂ ਸ਼ਬਦਾਂ ਦਾ 'ਵਾਈ-ਫਾਈ' ਮੁਫ਼ਤ ਵੰਡਿਆ ਜਾਂ ਰਿਹਾ ਸੀ*
*ਤਾਂ ਜੋ 'ਭਿਖਾਰੀ' ਬਣ ਚੁੱਕੇ ਮਨੁੱਖ,*
*ਮੁੜ 'ਗਿਆਨ ਦੀ ਕਿਰਤ' ਦੇ ਸ਼ਾਹ-ਅਸਵਾਰ ਬਣ ਸਕਣ।*

*ਬਾਬੇ ਦਾ ਦਰਸ਼ਨ ਤਾਂ ਉਹ 'ਕੈਮਰਾ' ਹੈ,*
*ਜਿਸ ਵਿੱਚੋਂ ਦੇਖਿਆਂ-*
*ਦੂਜਾ ਬੰਦਾ 'ਦੂਜਾ' ਨਹੀਂ ਲੱਗਦਾ,*
*ਸਗੋਂ ਆਪਣੀ ਹੀ ਅਧੂਰੀ ਚੇਤਨਾ ਦਾ ਪੂਰਕ ਲੱਗਦਾ ਹੈ।*

*ਆਓ, ਹੁਕਮ ਦੇ ਸਰਵਰ ਵਿਚ ਲੌਗ-ਇਨ ਕਰੀਏ,*
*ਜਿੱਥੇ ਸ਼ਬਦ-ਸੁਰਤ-ਸੰਵਾਦ ਹੀ 'ਕੋਡਿੰਗ' ਹੈ,*
*ਤੇ ਪ੍ਰੇਮ ਹੀ ਅੰਤਿਮ 'ਆਊਟਪੁੱਟ'!*

✧